بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 01.03.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਮਨਮੋਹਕ ਤੇ ਮਨਭਾਉਂਦਾ ਵਰਨਣ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ ਇਕ ਮਾਰਚ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬਦਰੀ ਸਹਾਬਾ ਦੀਆਂ ਘਟਨਾਵਾਂ ਦੀ ਲੜੀ ਚੱਲ ਰਹੀ ਹੈ ਅੱਜ ਵੀ ਇਸ ਲੜੀ ਵਿੱਚ ਕੁਝ ਸਹਬਾ ਦਾ ਵਰਨਣ ਕਰਾਂਗਾ । ਪਹਿਲੇ ਸਹਾਬੀ ਹਨ ਹਜ਼ਰਤ ਖ਼ੋਲੀ ਬਿਨ ਅਬੀ ਖ਼ੋਲੀ । ਹਜ਼ਰਤ ਖ਼ੋਲੀ ਬਦਰ, ਉਹਦ ਅਤੇ ਸਾਰੀਆਂ ਜੰਗਾ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਰਹੇ । ਆਪਦਾ ਦੇਹਾਂਤ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਹੋਇਆ ।

ਦੂਜੇ ਸਹਾਬੀ ਜਿੰਨ੍ਹਾ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਰਾਫ਼ੇ ਬਿਨ ਮਾਅਲਾ ਹੈ । ਹਜ਼ਰਤ ਰਾਫ਼ੇ ਬਿਨ ਮਾਅਲਾ ਦਾ ਸੰਬੰਧ ਕਬੀਲਾ ਖ਼ਜ਼ਰਜ ਦੀ ਸ਼ਾਖ਼ਾ ਬਨੂ ਹਬੀਬ ਨਾਲ ਸੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਰਾਫ਼ੇ ਅਤੇ ਹਜ਼ਰਤ ਸਫ਼ਵਾਨ ਬਿਨ ਬੈਜ਼ਾਅ ਵਿਚਕਾਰ ਭਾਈਬੰਦੀ ਕਰਾਈ । ਇਹ ਦੋਵੇਂ ਸਹਾਬਾ ਬਦਰ ਦੀ ਜੰਗ ਵਿੱਚ ਸ਼ਾਮਲ ਸਨ । ਕਈ ਰਿਵਾਇਤਾਂ ਅਨੁਸਾਰ ਦੋਵੇਂ ਹੀ ਬਦਰ ਦੀ ਜੰਗ ਵਿੱਚ ਸ਼ਹੀਦ ਹੋਏ ।

ਅਗਲੇ ਸਾਹਬੀ ਜਿੰਨ ਦਾ ਵਰਨਣ ਹੈ ਉਹਨਾ ਦਾ ਨਾਂ ਜ਼ੁਸ਼ੱਮਾਲੀਨ ਹੁਮੈਰ ਬਿਨ ਅਬਦ ਉਮੱਰੋ ਹੈ । ਜ਼ੁਸ਼ੱਮਾਲੀਨ ਹੁਮੈਰ ਬਿਨ ਅਬਦ ਉਮੱਰੋ, ਇਹਨਾਂ ਦਾ ਅਸਲ ਨਾਂ ਉਮੈਰ ਸੀ ਅਤੇ ਗੋਤ ਅਬੂ ਮੁਹਮੱਦ ਸੀ । ਹਜ਼ਰਤ ਉਮੈਰ ਮੱਕੇ ਤੋਂ ਹਿਜਰਤ ਕਰਕੇ ਮਦੀਨੇ ਆਏ ਤਾਂ ਹਜ਼ਰਤ ਸਅਦ ਬਿਨ ਖ਼ੇਸ਼ਮਾ ਦੇ ਘਰ ਪੜਾਅ ਕੀਤਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪਦੀ ਯਜ਼ੀਦ ਬਿਨ ਹਾਰਸ ਨਾਲ ਭਾਈਬੰਦੀ ਕਰਾਈ । ਇਹ ਦੋਵੇਂ ਸਹਾਬੀ ਬਦਰ ਦੀ ਜੰਗ ਵਿੱਚ ਸ਼ਹੀਦ ਹੋ ਗਏ ਸਨ । ਸ਼ਹੀਦੀ ਸਮੇਂ ਆਪ ਦੀ ਉਮਰ 30 ਸਾਲ ਸੀ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਜ਼ਕਵਾਨ ਬਿਨ ਅਬਦ ਕੈਸ ਹੈ । ਹਜ਼ਰਤ ਜ਼ਕਵਾਨ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਜ਼ਰੀਕ ਨਾਲ ਸੀ । ਆਪ ਬੈਅਤੇ ਅਕਬਾ ਊਲਾ ਅਤੇ ਸਾਨੀਆ ਵਿੱਚ ਵੀ ਸ਼ਾਮਲ ਸਨ । ਆਪ ਦੀ ਇਕ ਵਿਸ਼ੇਸ਼ ਵਰਨਣ ਯੋਗ ਗੱਲ ਇਹ ਹੈ ਕਿ ਆਪ ਮਦੀਨੇ ਤੋਂ ਹਿਜਰਤ

ਕਰਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਕੋਲ ਮੱਕੇ ਆਗਏ । ਆਪ ਨੂੰ ਅੰਸਾਰੀ ਮੁਹਾਜਰ ਕਿਹਾ ਜਾਂਦਾ ਸੀ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਸਨ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਦਾ ਮਾਣ ਪ੍ਰਾਪਤ ਕੀਤਾ । ਸੁਹੇਲ ਬਿਨ ਅਬੀ ਸਾਲਿਹ ਤੋਂ ਰਿਵਾਇਤ ਹੈ ਕਿ ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਉਹਦ ਦੀ ਜੰਗ ਲਈ ਨਿਕਲੇ ਤਾਂ ਆਪ ਨੇ ਇਕ ਖੇਤਰ ਵੱਲ ਸੰਕੇਤ ਕਰਦਿਆਂ ਹੋਇਆਂ ਸਹਾਬਾ ਨੂੰ ਸੰਬੋਧਤ ਕਰਦਿਆਂ ਹੋਇਆਂ ਫ਼ਰਮਾਇਆ ਕਿ ਇਸ ਪਾਸੇ ਕੌਣ ਜਾਏਗਾ ? ਬਨੀ ਜ਼ਰੀਕ ਵਿੱਚੋ ਇਕ ਸਹਾਬੀ ਹਜ਼ਰਤ ਜ਼ਕਵਾਨ ਬਿਨ ਅਬਦ ਕੈਸ ਖੜੇ ਹੋਏ ਕਹਿਣ ਲੱਗੇ, ਹੇ ਰਸੂਲੁਲੱਾਹ, ਮੈਂ ਜਾਵਾਂਗਾ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਪੁੱਛਿਆ ਕਿ ਤੁਸੀਂ ਕੌਣ ਹੋ? ਹਜ਼ਰਤ ਜ਼ਕਵਾਨ ਨੇ ਕਿਹਾ ਮੈਂ ਜ਼ਕਵਾਨ ਬਿਨ ਅਬਦ ਕੈਸ ਹਾਂ । ਆਪ ਸਲਲੱਾਹੁ ਅਲੈਹਿ ਵਸਲਮ ਨੇ ਬਹਿ ਜਾਣ ਦਾ ਸੰਕੇਤ ਕੀਤਾ । ਆਪ ਨੇ ਇਹ ਗੱਲ ਤਿੰਨ ਵਾਰ ਦੁਹਰਾਈ । ਫਿਰ ਆਪ ਨੇ ਫ਼ਰਮਾਇਆ ਕਿ ਫਲਾਣੀ ਫਲਾਣੀ ਥਾਂ'ਤੇ ਚਲੇ ਜਾਓ । ਇਸ'ਤੇ ਹਜ਼ਰਤ ਜ਼ਕਵਾਨ ਬਿਨ ਅਬਦ ਕੈਸ ਨੇ ਅਰਜ਼ ਕੀਤੀ, ਹੇ ਰਸੂਲੁਲੱਾਹ ਨਿਸ਼ਚੇ ਹੀ ਮੈਂ ਇਹਨਾ ਥਾਵਾਂ'ਤੇ ਜਾਵਾਂਗਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੋ ਕੋਈ ਅਜਿਹੇ ਵਿਅਕਤੀ ਨੂੰ ਦੇਖਣਾ ਚਾਹੁੰਦਾ ਹੈ ਜੋ ਕੱਲ ਸਵਰਗਾਂ ਦੀ ਹਰਿਆਵਲੀ ਉਪੱਰ ਚੱਲ ਰਿਹਾ ਹੋਵੇਗਾ ਤਾਂ ਇਸ ਵਿਅਕਤੀ ਵੱਲ ਦੇਖ ਲਏ । ਇਸ ਦੇ ਬਾਦ ਹਜ਼ਰਤ ਜ਼ਕਵਾਨ ਆਪਣੇ ਪਰਿਵਾਰ ਨੂੰ ਅਲਵਿਦਾ ਕਹਿਣ ਲਈ ਗਏ । ਆਪ ਦੀ ਪਤਨੀ ਤੇ ਬੇਟੀਆਂ ਆਪਨੂੰ ਕਹਿਣ ਲੱਗੀ ਕਿ ਆਪ ਸਾਨੂੰ ਛੱਡਕੇ ਜਾ ਰਹੇ ਹਨ । ਉਹਨਾ ਨੇ ਆਪਣਾ ਦਾਮਨ ਉਹਨਾਂ ਤੋਂ ਛੁਡਾਇਆ ਅਤੇ ਥੋੜੀ ਦੂਰ ਹਟੱਕੇ ਉਹਨਾ ਵੱਲ ਤਕੱਕੇ ਕਿਹਾ ਕਿ ਹੁਣ ਕਿਯਾਮਤ ਦੇ ਦਿਨ ਹੀ ਮੁਲਾਕਤ ਹੋਵੇਗੀ । ਇਸ ਦੇ ਬਾਦ ਉਹਦ ਦੀ ਜੰਗ ਵਿੱਚ ਆਪ ਨੇ ਸ਼ਹੀਦੀ ਦਾ ਮਾਣ ਪ੍ਰਾਪਤ ਕੀਤਾ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਖ਼ਵਾਦ ਬਿਨ ਜਬੈਰ ਅੰਸਾਰੀ ਹੈ । ਹਜ਼ਰਤ ਖ਼ਵਾਦ ਬਿਨ ਜਬੈਰ ਹਜ਼ਰਤ ਅਬਦੁਲੱਾਹ ਬਿਨ ਜਬੈਰ ਦੇ ਭਰਾ ਸਨ ਜਿੰਨ੍ਹਾ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹਦ ਦੀ ਜੰਗ ਸਮੇਂ ਦੱਰੇ ਦੀ ਸੁਰੱਖਿਆ ਲਈ ਪੰਜਾਹ ਤੀਰ ਅੰਦਾਜ਼ਾਂ ਦੇ ਨਾਲ ਨਿਯੁਕਤ ਕੀਤਾ ਸੀ । ਹਜ਼ਰਤ ਖ਼ਵਾਦ ਦਰਮਿਆਨੇ ਕੱਦ ਦੇ ਸਨ, ਆਪ ਨੇ ਚਾਲ੍ਹੀ ਹਿਜਰੀ ਵਿੱਚ 74 ਸਾਲ ਦੀ ਉਮਰ ਵਿੱਚ ਮਦੀਨੇ ਵਿੱਚ ਵਫ਼ਾਤ ਪਾਈ । ਹਜ਼ਰਤ ਖ਼ਵਾਦ ਵੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਬਦਰ ਦੀ ਜੰਗ ਲਈ ਚੱਲੇ ਸਨ ਪਰ ਮਾਰਗ ਵਿੱਚ ਇਕ ਪਥੱਰ ਦੀ ਨੋਕ ਨਾਲ ਠੋਕਰ ਲਗੱਣ ਕਰਕੇ ਆਪ ਜ਼ਖਮੀ ਹੋ ਗਏ । ਇਸ ਲਈ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਵਾਪਸ ਮਦੀਨੇ ਭੇਜ ਦਿਤੱਾ, ਪਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਬਦਰ ਦੀ ਜੰਗ ਨੇ ਮਾਲੇ ਗ਼ਨੀਮਤ ਤੇ ਪ੍ਰਤੀਫਲ ਵਿੱਚ ਸ਼ਾਮਲ ਕੀਤਾ, ਸੰਭਵਤਾ ਆਪ ਉਹਨਾ ਲੋਕਾਂ ਵਾਂਗ ਹੀ ਸਨ ਜੋ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਉਹਦ, ਖ਼ੰਦਕ ਅਤੇ ਹੋਰਨਾ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਹੋਏ ।

ਹਜ਼ਰਤ ਖ਼ਵਾਦ ਬਿਆਨ ਕਰਦੇ ਹਨ ਕਿ ਇਕ ਵਾਰ ਮੈਂ ਬਿਮਾਰ ਹੋਇਆ ਤਾਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਮੇਰਾ ਹਾਲ ਪੁਛੱਣ ਲਈ ਆਏ, ਜੱਦ ਮੈਂ ਮੈਂ ਠੀਕ ਹੋ ਗਿਆ ਤਾਂ ਆਪ ਨੇ ਫ਼ਰਮਾਇਆ, ਹੇ ਖ਼ਵਾਦ, ਤੁਹਾਡਾ ਸ਼ਰੀਰ ਸਵਸਥ ਹੋ ਗਿਆ ਹੈ, ਸੋ, ਤੁਸੀਂ ਜੋ ਰੱਬ ਨਾਲ ਵਾਦਾ ਕੀਤਾ ਹੈ ਉਹ ਪੂਰਾ ਕਰੋ । ਮੈਂ ਅਰਜ਼ ਕੀਤੀ, ਮੈਂ ਅਲੱਾਹ ਨਾਲ ਕੋਈ ਵਾਦਾ ਨਹੀਂ ਕੀਤਾ । ਆਪ ਨੇ ਫ਼ਰਮਾਇਆ ਕਿ ਕੋਈ ਵੀ ਰੋਗੀ ਅਜਿਹਾ ਨਹੀਂ ਕਿ ਜੱਦ ਉਹ ਬਿਮਾਰ ਹੁੰਦਾ ਹੈ ਤਾਂ ਕੋਈ ਸੁਖੱਣਾ ਨਹੀਂ ਮੰਨਦਾ ਜਾਂ ਨੀਯਤ ਨਹੀਂ ਕਰਦਾ । ਜ਼ਰੂਰ ਕਹਿੰਦਾ ਹੈ ਕਿ ਹੇ ਰਬੱਾ ਮੈਨੂੰ ਸਵਾਸਥ ਬਖ਼ਸ਼ ਦੇ

ਤਾਂ ਮੈਂ ਇਹ ਕਰਾਂਗਾ, ਉਹ ਕਰਾਂਗਾ । ਸੋ, ਰੱਬ ਨਾਲ ਕੀਤਾ ਹੋਇਆ ਵਾਦਾ ਪੂਰਾ ਕਰੋ, ਜੋ ਵੀ ਗੱਲ ਤੁਸੀ ਕਹੀ ਹੈ ਉਸ ਨੂੰ ਪੂਰਾ ਕਰੋ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਅਜਿਹੀ ਗੱਲ ਹੈ ਜੋ ਅਸੀਂ ਸਾਰਿਆਂ ਲਈ ਵਿਚਾਰ ਯੋਗ ਤੇ ਧਿਆਨ ਦੇਣ ਯੋਗ ਹੈ ।

ਖ਼ੰਦਕ ਦੀ ਜੰਗ ਸਮੇਂ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਬਨੂ ਕੁਰੈਜ਼ਾ ਦੇ ਪ੍ਰਣ ਤੋੜਨ ਦਾ ਪਤਾ ਲਗੱਾ ਤਾਂ ਆਪ ਨੇ ਇਕ ਜਥੱਾ ਉਹਨਾ ਵੱਲ ਭੇਜਿਆ । ਇਹਨਾ ਵਿੱਚ ਹਜ਼ਰਤ ਖ਼ਵਾਦ ਵੀ ਸ਼ਾਮਲ ਸਨ । ਇਕ ਰਿਵਾਇਤ ਵਿੱਚ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਖ਼ਵਾਦ ਨੂੰ ਆਪਣੇ ਘੋੜੇ'ਤੇ ਬਨੂ ਕੁਰੈਜ਼ਾ ਵੱਲ ਭੇਜਿਆ ਅਤੇ ਉਸ ਘੋੜੇ ਦਾ ਨਾਂ ਜਨਾਹ ਸੀ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਰਬੀਆ ਬਿਨ ਅਕਸਮ ਸੀ, ਉਹਨਾ ਦੀ ਗੋਤ ਅਬੂ ਯਜ਼ੀਦ ਸੀ । ਹਜ਼ਰਤ ਰਬੀਅਹ ਛੋਟੇ ਕਦੱ ਤੇ ਮੋਟੇ ਸ਼ਰੀਰ ਦੇ ਮਾਲਕ ਸਨ । ਆਪ ਦੀ ਗਿਣਤੀ ਮੁਹਾਜਰ ਸਹਾਬਾ ਵਿੱਚ ਹੁੰਦੀ ਹੈ । ਬਦਰ ਦੀ ਜੰਗ ਸਮੇਂ ਆਪ ਦੀ ਉਮਰ 30 ਸਾਲ ਸੀ । ਬਦਰ ਦੀ ਜੰਗ ਤੋਂ ਬਿਨਾ ਆਪਨੇ ਉਹਦ, ਖ਼ੰਦਕ, ਸੁਲਾਹ ਹੁਦੈਬੀਆ ਅਤੇ ਖ਼ੈਬਰ ਦੀ ਜੰਗ ਵਿੱਚ ਵੀ ਭਾਗ ਲਿਆ ਅਤੇ ਖ਼ੈਬਰ ਦੀ ਜੰਗ ਵਿੱਚ ਹੀ ਸ਼ਹੀਦੀ ਦਾ ਮਾਣ ਪ੍ਰਾਪਤ ਕੀਤਾ । ਸ਼ਹੀਦੀ ਸਮੇਂ ਆਪ ਦੀ ਉਮਰ 37 ਸਾਲ ਸੀ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਰਫ਼ਾਅ ਬਿਨ ਉਮਰੁਲ ਜਹਨੀ ਸੀ ਹਜ਼ਰਤ ਰਫ਼ਾਅ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਅੰਸਾਰ ਦੇ ਕਬੀਲੇ ਬਨੂ ਨਜਾਰ ਦੇ ਹਲੀਫ਼ ਸਨ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਜ਼ੈਦ ਬਨ ਵਦੀਅਹ ਹੈ । ਹਜ਼ਰਤ ਜ਼ੈਦ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਨਾਲ ਸੀ । ਆਪ ਨੇ ਬੈਅਤੇ ਅਕਬਾ, ਬਦਰ ਦੀ ਜੰਗ ਅਤੇ ਉਹਦ ਦੀ ਜੰਗ ਵਿੱਚ ਭਾਗ ਲਿਆ ਅਤੇ ਉਹਦੀ ਦੀ ਜੰਗ ਵਿੱਚ ਸ਼ਹੀਦੀ ਦਾ ਮਾਣ ਪ੍ਰਾਪਤ ਕੀਤਾ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਰਬੀਅ ਬਿਨ ਰਾਫ਼ੇ ਅੰਸਾਰੀ ਹੈ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਜ਼ੈਦ ਬਿਨ ਮਜ਼ੀਨ ਹੈ । ਆਪ ਦਾ ਸੰਬੰਧ ਖ਼ਜ਼ਰਜ ਕਬੀਲੇ ਨਾਲ ਸੀ । ਹਜ਼ਰਤ ਜ਼ੈਦ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਮਦੀਨੇ ਦੀ ਹਿਜਰਤ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਜ਼ੈਦ ਅਤੇ ਹਜ਼ਰਤ ਮਸਤਹ ਬਿਨ ਅਸਾਸਾ ਵਿਚਕਾਰ ਭਾਈਬੰਦੀ ਕਰਾਈ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਅਯਾਜ਼ ਬਿਨ ਜ਼ਹੀਰ ਹੈ । ਆਪ ਹਬਸ਼ੇ ਵੱਲ ਦੂਜੀ ਹਿਜਰਤ ਵਿੱਚ ਸ਼ਾਮਲ ਹੋਏ , ਉੱਥੋਂ ਵਾਪਸ ਆਣਕੇ ਮਦੀਨੇ ਹਿਜਰਤ ਕੀਤੀ ਅਤੇ ਹਜ਼ਰਤ ਕੁਲਸੂਮ ਬਿਨ ਅਲਹਦਮ ਦੇ ਘਰ ਪੜਾਅ ਕੀਤਾ । ਆਪ ਨੇ ਬਦਰ, ਉਹਦ ਅਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਭਾਗ ਲਿਆ । ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ 30 ਹਿਜਰੀ ਵਿੱਚ ਮਦੀਨੇ ਵਿੱਚ ਆਪ ਨੇ ਵਫ਼ਾਤ ਪਾਈ ।

ਫਿਰ ਅਗਲੇ ਸਹਾਬੀ ਹਨ ਹਜ਼ਰਤ ਰਫ਼ਾਅ ਬਿਨ ਉਮਰੋ ਅੰਸਾਰੀ । ਆਪ ਸਤੱਰ ਅੰਸਾਰਾਂ ਨਾਲ ਬੈਅਤੇ ਅਕਬਾ ਵਿੱਚ ਸ਼ਾਮਲ ਹੋਏ । ਆਪ ਨੇ ਬਦਰ ਤੇ ਉਹਦ ਦੀ ਜੰਗ ਵਿੱਚ ਭਾਗ ਲਿਆ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਦਾ ਜਾਮ ਪੀਤਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਗਲੇ ਸਹਾਬੀ ਹਨ ਹਜ਼ਰਤ ਜ਼ਯਾਦ ਬਿਨ ਉਮਰੋ । ਆਪ ਅੰਸਾਰ ਦੇ ਹਲੀਫ਼ ਸਨ । ਆਪ ਬਦਰ ਦੀ ਜੰਗ ਵਿੱਚ ਸ਼ਾਮਲ ਸਨ । ਆਪ ਦਾ ਸੰਬੰਧ ਕਬੀਲਾ ਬਨੂ ਸਾਅਦਾ ਬਿਨ ਕਾਅਬ ਨਾਲ ਸੀ ।

ਅਗਲੇ ਸਹਾਬੀ ਦਾ ਨਾਂ ਹੈ ਹਜ਼ਰਤ ਸਾਲਮ ਬਿਨ ਉਮੈਰ ਬਿਨ ਸਾਬਤ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਬਨੂ ਉਮਰੋ ਬਿਨ ਔਫ਼ ਨਾਲ ਸੀ । ਆਪ ਬਦਰ, ਉਹਦ, ਖ਼ੰਦਕ ਅਤੇ ਸਾਰੀਆਂ ਜੰਗਾ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਸਨ । ਆਪ ਉਹਨਾ ਸੱਤ ਸਹਾਬਾ ਵਿੱਚ ਸ਼ਾਮਲ ਸਨ ਜਿੰਨ੍ਹਾ ਦੇ ਕੋਲ ਤਬੂਕ ਦੀ ਜੰਗ ਵਿੱਚ ਜਾਣ ਲਈ ਸਵਾਰੀ ਨਹੀਂ ਸੀ । ਇਹਨਾ ਸਹਾਬਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਜੰਗ ਵਿੱਚ ਜਾਣ ਲਈ ਸਵਾਰੀ ਮੰਗੀ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੇਰੇ ਕੋਲ ਕੋਈ ਸਵਾਰੀ ਨਹੀਂ ਜਿਸ'ਤੇ ਤੁਹਾਨੂੰ ਸਵਾਰ ਕਰਾਂ । ਉਹ ਲੋਕ ਵਾਪਸ ਗਏ ਅਤੇ ਉਹਨਾ ਦੀਆਂ ਅਖੱਾਂ ਵਿੱਚੋਂ ਹੰਝੂ ਵੱਗ ਰਹੇ ਸਨ । ਹਜ਼ਰਤ ਇਬਨੇ ਅਬੱਾਸ ਰਿਵਾਇਤ ਕਰਦੇ ਹਨ ਕਿ ਆਇਤ

وَّلَا عَلَى الَّذِيۡنَ اِذَا مَاۤ اَتَوۡكَ لِتَحۡمِلَهُمۡ قُلۡتَ لَاۤ اَجِدُ مَاۤ اَحۡمِلُكُمۡ عَلَيۡهِ تَوَلَّوْا وَّاَعۡيُنُهُمۡ تَفِيۡضُ مِنَ الدَّمۡعِ حَزَنًا اَلَّا يَجِدُوۡا مَا يُنۡفِقُوۡنَ۔

ਅਰਥਾਤ, ਅਤੇ ਉਹਨਾ ਲੋਕਾਂ'ਤੇ ਕੋਈ ਆਰੋਪ ਨਹੀਂ ਹੈ ਜੋ ਤੇਰੇ ਕੋਲ ਉਸ ਸਮੇਂ ਆਏ ਜੱਦ ਜੰਗ ਦੀ ਘੋਸ਼ਣਾ ਕੀਤੀ ਗਈ ਸੀ ਇਸ ਲਈ ਕਿ ਤੂੰ ਉਹਨਾ ਨੂੰ ਕੋਈ ਸਵਾਰੀ ਉਪਲਭਧ ਕਰ ਦੇਵੇਂ ਤਾਂ ਤੂੰ ਉਤੱਰ ਦਿਤੱਾ ਕਿ ਮੇਰੇ ਕੋਲ ਕੋਈ ਚੀਜ਼ ਨਹੀਂ ਹੈ ਜਿਸ'ਤੇ ਮੈਂ ਤੁਹਾਨੂੰ ਸਵਾਰ ਕਰਾਵਾਂ ਅਤੇ ਇਹ ਉਤੱਰ ਸੁਣਕੇ ਉਹ ਚਲੇ ਗਏ ਅਤੇ ਇਸ ਦੁੱਖ ਨਾਲ ਉਹਨਾ ਦੀਆਂ ਅਖੱਾਂ ਵਿੱਚੋਂ ਹੰਝੂ ਵੱਗ ਰਹੇ ਸਨ ਕਿ ਅਫ਼ਸੋਸ ਉਹਨਾ ਕੋਲ ਕੁਝ ਨਹੀਂ ਜਿਸ ਨੂੰ ਉਹ ਰੱਬ ਦੇ ਮਾਰਗ ਵਿੱਚ ਖਰਚ ਕਰਨ, ਵਿੱਚ ਜਿੰਨ੍ਹਾ ਲੋਕਾਂ ਦਾ ਵਰਨਣ ਹੈ ਉਹਨਾਂ ਵਿੱਚ ਸਾਲਮ ਬਿਨ ਉਮੈਰ ਅਤੇ ਸਾਅਲਬਾ ਬਿਨ ਜ਼ੈਦ ਸ਼ਾਮਲ ਸਨ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਸੂਰਤ ਤੌਬਾ ਦੀ ਇਸ ਆਇਤ ਦੀ ਵਿਆਖਿਆ ਕਰਦਿਆਂ ਹੋਇਆਂ ਕਿ ਇਹਨਾ ਸੱਤ ਮੁਸਲਮਾਨਾ ਦੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਕੋਲੋਂ ਚਲੇ ਜਾਣ ਦੇ ਬਾਦ ਹਜ਼ਰਤ ਉਸਮਾਨ ਨੇ ਤਿੰਨ ਊਠ ਦਿੱਤੇ ਅਤੇ ਚਾਰ ਹੋਰਨਾ ਮੁਸਲਮਾਨਾ ਨੇ ਦਿੱਤੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਹਰ ਇਕ ਵਿਅਕਤੀ ਨੂੰ ਇਕ ਇਕ ਊਠ ਦੇ ਦਿਤੱਾ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਕੁਰਆਨ ਨੇ ਇਹ ਘਟਨਾ ਇਸ ਲਈ ਵਰਨਣ ਕੀਤੀ ਹੈ ਤਾਂ ਜੋ ਉਹਨਾ ਗ਼ਰੀਬ ਮੁਸਲਮਾਨਾ ਦੀ ਨੇਕੀ ਦਾ ਮੁਕਾਬਲਾ ਉਹਨਾ ਲੋਕਾਂ ਤੋਂ ਕਰਕੇ ਦਿਖਾਏ ਜੋ ਮਾਲਦਾਰ ਤਾਂ ਸਨ ਅਤੇ ਸਫ਼ਰ ਉਪੱਰ ਜਾਣ ਲਈ ਸਾਧਨ ਵੀ ਰਖੱਦੇ ਸਨ, ਪਰ ਝੂਠੇ ਉਜ਼ਰ ਭਾਲਦੇ ਸਨ । ਹਜ਼ਰਤ ਅਬੂ ਮੂਸਾ ਉਹਨਾ ਲੋਕਾਂ ਦੇ ਸਰਦਾਰ ਸਨ । ਜੱਦ ਉਹਨਾਂ ਨੂੰ ਪੱਛਿਆ ਗਿਆ ਕਿ ਆਪ ਨੇ ਉਸ ਸਮੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਕੀ ਮੰਗਿਆ ਸੀ ਤਾਂ ਉਹਨਾਂ ਨੇ ਕਿਹਾ ਕਿ ਰੱਬ ਦੀ ਸਹੁੰ ਅਸੀਂ ਊਠ ਨਹੀਂ ਮੰਗੇ, ਘੋੜੇ ਵੀ ਨਹੀਂ ਮੰਗੇ, ਅਸੀਂ ਕੇਵਲ ਇਹ ਕਿਹਾ ਸੀ ਕਿ ਅਸੀਂ ਨੰਗੇ ਪੈਰ੍ਹੀਂ ਹਾਂ, ਐਨ੍ਹੀ ਲੰਮੀ ਜਾਤਰਾ ਪੈਦਲ ਨਹੀਂ ਚੱਲ ਸਕਦੇ । ਜੇਕਰ ਸਾਨੂੰ ਕੇਵਲ ਜੁੱਤੀਆਂ ਦੇ ਜੋੜੇ ਮਿਲ ਜਾਣ ਤਾਂ ਆਸੀਂ ਜੁੱਤੀਆਂ ਪਾਕੇ ਭੱਜਦਿਆਂ ਹੋਇਆ ਆਪਣੇ ਭਰਾਵਾਂ ਦੇ ਨਾਲ ਇਸ ਜੰਗ ਵਿੱਚ ਸਾਮਲ ਹੋਣ ਲਈ ਪਹੁੰਚ ਜਾਵਾਂਗੇ । ਇਹ ਗ਼ਰੀਬੀ ਦਾ ਹਾਲ ਸੀ ਅਤੇ ਇਹ ਭਾਵਨਾਵਾਂ ਸਨ । ਹਜ਼ਰਤ ਸਾਲਮ ਬਿਨ ਉਮੈਰ ਹਜ਼ਰਤ ਮੁਆਵੀਆ ਦੇ ਜ਼ਮਾਨੇ ਤੱਕ ਜੀਉਂਦੇ ਰਹੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਗਲੇ ਸਹਾਬੀ ਹਨ ਹਜ਼ਰਤ ਸੁਰਾਕਾ ਬਿਨ ਕਅਬ । ਆਪ ਦਾ ਸੰਬੰਧ ਕਬੀਲਾ ਬਨੂ ਨਜਾਰ ਨਾਲ ਸੀ । ਆਪ ਦੀ ਮਾਤਾ ਦਾ ਨਾਂ ਉਮੈਰਹ ਬਿੰਤ ਨੁਅਮਾਨ ਸੀ ਆਪ ਬਦਰ, ਉਹਦ ਅਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਹਜ਼ਰਤ ਸੁਰਾਕਾ ਯਮਾਮਾ ਦੀ ਜੰਗ ਵਿੱਚ ਸ਼ਹੀਦ ਹੋਏ ।

ਅਗਲੇ ਸਹਾਬੀ ਹਨ ਸਾਇਬ ਬਿਨ ਮਜ਼ਊਨ ਆਪ ਹਜ਼ਰਤ ਉਸਮਾਨ ਬਿਨ ਮਜ਼ਊਨ ਦੇ ਭਰਾ ਸਨ । ਆਪ ਹਬਸ਼ੇ ਵੱਲ ਹਿਜਰਤ ਕਰਨ ਵਾਲਿਆਂ ਪਹਿਲੇ ਮੁਹਾਜਰਾਂ ਵਿੱਚੋਂ ਸਨ । ਆਪ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਹਜ਼ਰਤ ਸਾਇਬ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਵਪਾਰ ਕਰਨ ਦਾ ਸਨਮਾਨ ਵੀ ਪ੍ਰਾਪਤ ਹੈ ।

ਸੀਰਤ ਖ਼ਾਤਾਮੰਨਬੀਯੀਨ ਵਿੱਚ ਇਸ ਗੱਲ ਨੂੰ ਇਉਂ ਵਰਨਣ ਕੀਤਾ ਗਿਆ ਹੈ ਕਿ ਸਾਇਬ ਇਕ ਸਹਾਬੀ ਸਨ ਉਹ ਜੱਦ ਇਸਲਾਮ ਲਿਆਏ ਤਾਂ ਕਈ ਲੋਕਾਂ ਦੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅੱਗੇ ਇਹਨਾ ਦੀ ਪ੍ਰਸ਼ੰਸਾ ਕੀਤੀ, ਆਪ ਨੇ ਫ਼ਰਮਾਇਆ ਮੈਂ ਇਹਨਾ ਨੂੰ ਤੁਹਾਡੇ ਕੋਲੋਂ ਬਹੁਤਾ ਜਾਣਦਾ ਹਾਂ । ਸਾਇਬ ਨੇ ਅਰਜ਼ ਕੀਤੀ, ਹਾਂ ਰਸੂਲੁਲੱਾਹ । ਆਪ ਉਪੱਰ ਮੇਰੇ ਮਾਂਬਾਪ ਕੁਰਬਾਨ ਹੋਣ, ਆਪ ਇਕ ਵਾਰ ਵਪਾਰ ਵਿੱਚ ਮੇਰੇ ਨਾਲ ਸ਼ਾਮਲ ਸਨ ਅਤੇ ਆਪ ਨੇ ਹਮੇਸ਼ਾ ਅਤਿਅੰਤ ਸਾਫ਼ ਮਾਮਲਾ ਰੱਖਿਆ ।

ਅਗਲੇ ਸਹਾਬੀ ਹਨ ਹਜ਼ਰਤ ਆਸਮ ਬਿਨ ਕੈਸ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਸਾਅਲਬਾ ਬਿਨ ਉਮਰੋ ਨਾਲ ਸੀ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਅਗਲੇ ਸਹਾਬੀ ਹਨ ਹਜ਼ਰਤ ਤੁਫ਼ੈਲ ਬਿਨ ਮਾਲਕ ਬਿਨ ਖ਼ਨਸਾਅ । ਆਪਦਾ ਸੰਬੰਧ ਖ਼ਜ਼ਰਜ ਕਬੀਲੇ ਦੀ ਸ਼ਾਖ਼ਾ ਬਨੂ ਅਬੈਦ ਬਿਨ ਆਦੀ ਨਾਲ ਸੀ । ਆਪ ਬੈਅਤੇ ਅਕਬਾ ਅਤੇ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਅਗਲੇ ਸਹਾਬੀ ਦਾ ਨਾਂ ਹੈ ਹਜ਼ਰਤ ਤੁਫ਼ੈਲ ਬਿਨ ਨੁਅਮਾਨ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਨਾਲ ਸੀ ਆਪ ਬੈਅਤੇ ਅਕਬਾ ਅਤੇ ਬਦਰ ਤੇ ਖ਼ੰਦਕ ਦੀ ਜੰਗ ਵਿੱਚ ਸ਼ਾਮਲ ਹੋਏ । ਉਹਦ ਦੇ ਦਿਨ ਆਪ ਨੂੰ ਤਿੱਖੇ ਜ਼ਖ਼ਮ ਆਏ ਸਨ । ਖ਼ੰਦਕ ਦੀ ਜੰਗ ਵਿੱਚ ਆਪਦੇ ਸ਼ਹੀਦੀ ਦਾ ਮਾਣ ਪ੍ਰਾਪਤ ਕੀਤਾ ।

ਅਗਲੇ ਸਹਾਬੀ ਹਨ ਹਜ਼ਰਤ ਜ਼ਹਾਕ ਬਿਨ ਅਬਦ ਉਮਰੋ, ਇਹਨਾਂ ਦਾ ਸੰਬੰਧ ਦੀਨਾਰ ਬਿਨ ਨਜਾਰ ਨਾਲ ਸੀ ਆਪਦੇ ਪਿਤਾ ਦਾ ਨਾਂ ਅਬਦ ਉਮਰੋ ਅਤੇ ਮਾਤਾ ਦਾ ਨਾਂ ਸੁਮੈਰਾਹ ਬਿੰਤ ਕੈਸ ਸੀ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ । ਆਪ ਦੇ ਭਰਾ ਅਤਬਾ ਬਿਨ ਅਬਦ ਉਮਰੋ ਬੈਅਰੇ ਮਊਨਾ ਦੀ ਘਟਨਾ ਸਮੇਂ ਸ਼ਹੀਦ ਹੋਏ ।

ਅਗਲੇ ਸਹਾਬੀ ਹਨ ਜ਼ਹਾਕ ਬਿਨ ਹਾਰਸਾ । ਆਪ ਅੰਸਾਰ ਦੇ ਕਬੀਲੇ ਖ਼ਜ਼ਰਜ ਨਾਲ ਸੰਬੰਧ ਰਖੱਦੇ ਸਨ ਆਪ ਦੇ ਪਿਤਾ ਦਾ ਨਾਂ ਹਾਰਸਾ ਅਤੇ ਮਾਤਾ ਦਾ ਨਾਂ ਹਿੰਦ ਬਿੰਤ ਮਾਲਕ ਸੀ । ਬੈਅਤੇ ਅਕਬਾ ਅਤੇ ਬਦਰ ਦੀ ਜੰਗ ਵਿੱਚ ਭਾਗ ਲਿਆ ।

ਅਗਲੇ ਸਹਾਬੀ ਹਨ ਹਜ਼ਰਤ ਖ਼ਲਾਦ ਬਿਨ ਸਵੇਦ ਅੰਸਾਰੀ । ਆਪ ਦਾ ਸੰਬੰਧ ਖ਼ਜ਼ਰਜ ਦੀ ਸ਼ਾਖ਼ਾ ਬਨੂ ਹਾਰਸ ਨਾਲ ਸੀ । ਬੈਅਤੇ ਅਕਬਾ, ਬਦਰ, ਉਹਦ ਤੇ ਖ਼ੰਦਕ ਦੀ ਜੰਗ ਵਿੱਚ ਸ਼ਾਮਲ ਹੋਏ । ਬਨੂ ਕੁਰੈਜ਼ਾ ਦੀ ਜੰਗ ਵਿੱਚ ਇਕ ਯਹੂਦੀ ਇਸਤਰੀ ਨੇ ਆਪ ਉਪੱਰ ਭਾਰੀ ਪਥੱਰ ਸੁੱਟਿਆ ਜਿਸ ਨਾਲ ਆਪਦਾ ਸਿਰ ਫੱਟ ਗਿਆ ਅਤੇ ਆਪ ਸ਼ਹੀਦ ਹੋ ਗਏ । ਇਸ'ਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਖ਼ਲਾਦ ਲਈ ਦੋ ਸ਼ਹੀਦਾਂ ਬਰਾਬਰ

ਪ੍ਰਤੀਫਲ ਹੈ । ਜੱਦ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਪੁੱਛਿਆ ਗਿਆ ਕਿ ਉਹਨਾਂ ਲਈ ਦੋ ਸ਼ਹੀਦਾਂ ਦਾ ਪ੍ਰਤੀਫਲ ਕਿਸ ਲਈ ਹੈ ? ਤਾਂ ਆਪ ਨੇ ਫ਼ਰਮਾਇਆ ਕਿਉਂਕਿ ਉਹਨਾ ਨੂੰ ਅਹਿਲੇ ਕਿਤਾਬ ਨੇ ਸ਼ਹੀਦ ਕੀਤਾ ਹੈ ।

ਅਗਲੇ ਸਹਾਬੀ ਹਨ ਹਜ਼ਰਤ ਓਸ ਬਿਨ ਖ਼ੋਲੀ ਅੰਸਾਰੀ । ਇਹਨਾਂ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਸਾਲਮ ਬਿਨ ਗ਼ਨਮ ਬਿਨ ਔਫ਼ ਨਾਲ ਸੀ । ਆਪ ਬਦਰ, ਉਹਦ ਅਤੇ ਖ਼ੰਦਕ ਦੀਆਂ ਜੰਗਾ ਸਣੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਆਪ ਦੀ ਗਿਣਤੀ ਕਾਮਲੀਨ ਵਿੱਚ ਹੁੰਦੀ ਸੀ । ਜਹਾਲਤ ਸਮੇਂ ਅਤੇ ਇਸਲਾਮ ਦੇ ਅਰੰਭ ਵਿੱਚ ਕਾਮਲ ਉਸਨੂੰ ਕਿਹਾ ਜਾਂਦਾ ਸੀ ਜੋ ਅਰਬੀ ਪੜ੍ਹਨਾ ਲਿਖੱਣਾ ਜਾਣਦਾ ਹੋਵੇ, ਤੀਰ ਅੰਦਾਜ਼ੀ ਕਰਨਾ ਚੰਗੀ ਤਰ੍ਹਾਂ ਜਾਣਦਾ ਹੋਵੇ ਅਤੇ ਤੈਰਾਕੀ ਜਾਣਦਾ ਹੋਵੇ ।

ਹਜ਼ਰਤ ਓਸ ਬਿਨ ਖ਼ੋਲੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਗ਼ੁਸਲ (ਇਸ਼ਨਾਨ) ਅਤੇ ਤਦਫ਼ੀਨ (ਦਫ਼ਨਾਉਣ ਦੀ ਪ੍ਰਕ੍ਰਿਆ) ਵਿੱਚ ਸ਼ਾਮਲ ਰਹੇ । ਆਪ ਪਾਣੀ ਦਾ ਘੜਾ ਆਪਣੇ ਹੱਥਾਂ'ਤੇ ਚੁਕੱਕੇ ਲਿਆਉਂਦੇ ਸਨ । ਹਜ਼ਰਤ ਇਬਨੇ ਅਬੱਾਸ ਰਿਵਾਇਤ ਕਰਦੇ ਹਨ ਕਿ ਹਜ਼ਰਤ ਅਲੀ, ਹਜ਼ਰਤ ਫ਼ਜ਼ਲ ਬਿਨ ਅਬੱਾਸ, ਉਹਨਾ ਦੇ ਭਰਾ ਕਸ਼ਮ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਅਜ਼ਾਦ ਕੀਤੇ ਗ਼ੁਲਾਮ ਸ਼ਕਰਾਨ ਅਤੇ ਹਜ਼ਰਤ ਓਸ ਬਿਨ ਖ਼ੋਲੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਕਬਰ ਵਿੱਚ ਉਤਰੇ ਸਨ, ਲੋਥ ਨੂੰ ਅੰਦਰ ਰਖੱਣ ਲਈ ।

ਹਜ਼ਰਤ ਓਸ ਬਿਨ ਖ਼ੋਲੀ ਤੋਂ ਰਿਵਾਇਤ ਹੈ ਕਿ ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਤਾਂ ਆਪ ਨੇ ਫ਼ਰਮਾਇਆ, ਹੇ ਓਸ, ਜੋ ਰੱਬ ਲਈ ਆਜਜ਼ੀ ਅਤੇ ਵਿਨਮ੍ਰਤਾ ਧਾਰਨ ਕਰਦਾ ਹੈ, ਰੱਬ ਉਸ ਦੇ ਦਰਜੇ ਬੁਲੰਦ ਕਰਦਾ ਹੈ ਅਤੇ ਜੋ ਹੰਕਾਰ ਕਰਦਾ ਹੈ ਰੱਬ ਉਸ ਨੂੰ ਹੀਣਾ ਕਰਦਾ ਹੈ । ਆਪ ਦੀ ਵਫ਼ਾਤ ਮਦੀਨੇ ਵਿੱਚ ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ ਹੋਈ । ਅਲੱਾਹ ਤਆਲਾ ਇਹਨਾਂ ਸਾਰਿਆਂ ਬਜ਼ੁਰਗਾਂ ਦੇ ਦਰਜੇ ਬੁਲੰਦ ਕਰੇ ।

Khulasa Khutba Jumma 01.03.2019
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131